# INTERNATIONAL RESEARCH JOURNAL OF MANAGEMENT SOCIOLOGY & HUMANITIES

**ISSN 2277 – 9809 (online)**
**ISSN 2348 - 9359 (Print)**

*An Internationally Indexed Peer Reviewed & Refereed Journal*

www.IRJMSH.com
www.isarasolutions.com

Published by iSaRa Solutions

# ਪੰਜਾਬੀ ਲੰਮੀ ਕਹਾਣੀ ਦਾ ਉਦਭਵ ਤੇ ਵਿਕਾਸ

# Origin and development of the Punjabi long story

**Sandeep kaur**
Research scholar

Panjab University, Chandigarh.

Abstract-

This article explores the origin, evolution, and literary significance of the Punjabi Lammi Kahani (long short story) as a distinct narrative form. It traces its roots to ancient Indian storytelling traditions and explains how the genre developed alongside modern social, psychological, and literary changes. The article reviews the opinions of various scholars regarding the form and argues that the Lammi Kahani is more than an extended short story, possessing unique features such as multiple sub-narratives, psychological depth, structural complexity, and the ability to portray the complexities of contemporary life. It also highlights the contributions of writers and critics, particularly Waryam Singh Sandhu, in establishing the genre within Punjabi literature. The study concludes that the Punjabi Lammi Kahani has evolved into an independent and significant literary form capable of expressing the multilayered realities of modern society.

ਵਿਧਾ ਦੇ ਤੌਰ ਤੇ ਕਹਾਣੀ ਦਾ ਇਤਿਹਾਸ ਪੁਰਾਤਨ ਕਾਲ ਤੋਂ ਸ਼ੁਰੂ ਹੁੰਦਾ ਹੈ। ਪੁਰਾਤਨ ਕਾਲ ਤੋਂ ਹੀ ਮਨੁੱਖ ਵਿੱਚ ਬਿਰਤਾਂਤਕ ਸੰਵੇਦਨਾ ਦੇ ਮੁੱਢਲੇ ਬੀਜ ਪੁੰਗਰਨੇ ਸ਼ੁਰੂ ਹੋ ਗਏ ਸਨ ਜਦੋਂ ਉਸਨੇ ਭਾਸ਼ਾ ਚੇਤਨਾ ਤੋਂ ਪਹਿਲਾਂ ਇਸ਼ਾਰਿਆਂ ਰਾਹੀਂ ਸੰਚਾਰ ਦੀ ਜੁਗਤ ਇਜਾਤ ਕੀਤੀ ਸੀ। ਇਹ ਮੁੱਢ ਕਦੀਮ ਤੋਂ ਹੀ ਮਨੁੱਖ ਦੀ ਸਹਾਇਕ ਬਣੀ ਹੋਈ ਹੈ। ਮੁੱਢ ਤੋਂ ਹੁਣ ਤੱਕ ਮਨੁੱਖ ਆਪਣੇ ਮਨ 'ਚ ਬਿਰਤਾਂਤ ਵਿੱਚ ਹੀ ਸੋਚਦਾ ਹੈ ਤੇ ਇਹ ਸੋਚੇ ਹੋਏ ਨੂੰ ਅੱਡ ਅੱਡ ਰੂਪਾਂ ਵਿੱਚ ਪੇਸ਼ ਕਰਦਾ ਹੈ। ਕਥਾ ਦਾ ਇਹ ਰੂਪ ਪੀੜ੍ਹੀ ਦਰ ਪੀੜ੍ਹੀ ਮੌਖਿਕ ਜਾਂ ਲਿਖਿਤ ਰੂਪ ਵਿੱਚ ਅੱਗੇ ਚੱਲਦਾ ਹੈ। ਸਾਹਿਤ ਦੇ ਵੱਖੋ ਵੱਖਰੇ ਰੂਪ ਮਨੁੱਖ ਦੇ ਅਹਿਸਾਸਾਂ, ਜਜ਼ਬਿਆਂ ਤੇ ਸੋਚਾਂ ਦੀ ਤਰਜਮਾਨੀ ਕਰਦੇ ਹਨ ਅਤੇ ਕਹਾਣੀ ਵੀ ਉਹਨਾਂ ਵਿੱਚੋਂ ਇੱਕ ਨਿਵੇਕਲਾ ਸਾਹਿਤ ਰੂਪ ਹੈ ਜਿਸ ਦੀ ਪੇਸ਼ਕਾਰੀ ਬਿਰਤਾਂਤ ਵਿੱਚ ਹੁੰਦੀ ਹੈ। ਕਹਾਣੀ ਦੇ ਲੰਮੇ ਇਤਿਹਾਸ ਨੂੰ ਵਾਚਣ ਲਈ ਇਸਦੀਆਂ ਜੜ੍ਹਾਂ ਨੂੰ ਤਲਾਸ਼ਣਾ ਪਵੇਗਾ।

ਕੁਝ ਵਿਦਵਾਨ ਆਧੁਨਿਕ ਪੰਜਾਬੀ ਕਹਾਣੀ ਦੇ ਰੂਪ ਨੂੰ ਨਿਰੋਲ ਪੱਛਮ ਦੀਆਂ ਕਹਾਣੀਆਂ ਦੇ ਤਰਜ਼ 'ਤੇ ਅਧਾਰਿਤ ਰੂਪ ਮੰਨਦੇ ਹਨ। ਪਰ ਕਈ ਸਾਹਿਤ ਸ਼ਾਸਤਰੀ ਪੰਜਾਬੀ ਕਹਾਣੀ ਨੂੰ ਭਾਰਤੀ ਦੀ ਇਤਿਹਾਸਕ ਕਥਾ ਪਰੰਪਰਾ ਨਾਲ ਜੋੜਕੇ ਵਾਚਦੇ ਹਨ। ਇਕ ਆਲੋਚਕ ਅਨੁਸਾਰ, "ਨਿੱਕੀ ਕਹਾਣੀ ਪੱਛਮ ਦੀ ਦੇਣ ਹੈ ਅਤੇ ਸਾਡੇ ਕੋਲ ਅੰਗਰੇਜ਼ੀ ਦੇ ਪ੍ਰਭਾਵ ਅਧੀਨ ਪਹੁੰਚੀ। ਪਰ ਹਕੀਕਤ ਇਸ ਤੋਂ ਉਲਟ ਹੈ। ਇਸ ਹਕੀਕਤ ਨੂੰ ਪੱਛਮੀ ਵਿਦਵਾਨ ਵੀ ਮੰਨਦੇ ਹਨ ਕਿ ਬਹੁਤ ਸਾਰੀਆਂ ਲੋਕ ਕਹਾਣੀਆਂ ਅਤੇ ਲੋਕ ਸਾਹਿਤ ਦਾ ਬਿਰਤਾਂਤ ਭਾਰਤ 'ਚੋਂ ਅਰਬੀ, ਫ਼ਾਰਸੀ, ਪਹਿਲਵੀ ਤੇ ਇਤਾਲਵੀ ਭਾਸ਼ਾਵਾਂ ਰਾਹੀਂ ਪੱਛਮ ਵਿੱਚ ਗਿਆ।...ਕਿਉਂਕਿ ਭਾਰਤ ਦੀ ਕਹਾਣੀ ਰਿਗਵੇਦ ਤੋਂ ਚੱਲ ਕੇ ਬੁੱਧ ਕਥਾਵਾਂ, ਜਾਤਕ ਕਥਾਵਾਂ, ਪੰਚਤੰਤਰ ਆਦਿ ਤੋਂ ਤੁਰਦੀ ਹੋਈ ਹੀ ਵਰਤਮਾਨ ਤੱਕ ਪਹੁੰਚੀ ਹੈ।[1] ਇਵੇਂ ਹੀ ਡਾ. ਸਵਿੰਦਰ ਸਿੰਘ ਉੱਪਲ ਆਪਣੇ ਪੀਐੱਚ.ਡੀ. ਥੀਸਸ (Punjabi Short Story and its Origin and Development) ਵਿਚ ਆਧੁਨਿਕ ਪੰਜਾਬੀ ਕਹਾਣੀ ਨੂੰ ਪੰਜਾਬੀ ਦੇ ਮੱਧਕਾਲੀ ਬਿਰਤਾਂਤਕ ਰੂਪਾਂ (ਕਿੱਸਾ, ਵਾਰ, ਸਾਖੀ, ਬੁੱਧ ਜਾਤਕ ਕਥਾਵਾਂ, ਮਿੱਥ ਕਥਾਵਾਂ ਆਦਿ) ਤੋਂ ਹੀ ਨਿਰੰਤਰ ਵਿਕਾਸ ਵਿੱਚ ਪੈਦਾ ਹੋਈ ਵਿਧਾ ਮੰਨਦਾ ਹੈ। ਉਹ ਪੰਜਾਬੀ ਕਹਾਣੀ ਦੀ ਜੜ੍ਹਾਂ ਭਾਰਤੀ ਕਥਾ ਸ਼ਾਸਤਰ ਵਿੱਚੋਂ ਤਲਾਸ਼ਦੇ ਹਨ। ਪੁਰਾਣੇ ਭਾਰਤੀ ਗ੍ਰੰਥ ਹਿਤੋਪਦੇਸ਼, ਪੰਚ ਤੰਤਰ, ਕਥਾ ਸਰਿਤ ਸਾਗਰ, ਵਡਕਹਾ ਤੇ ਲੋਕ ਧਾਰਾਈ ਰੂਪ ਜਿਵੇਂ ਕਿ ਬਚਨ, ਬਾਤਾਂ, ਸੁਖਨ, ਕਿੱਸਾ, ਚਰਿੱਤਰ
ਉਪਾਖਿਆਨ, ਪ੍ਰਮਾਣ ਕਥਾ ਆਦਿ ਵਿਚਲੀਆਂ ਕਥਾਵਾਂ ਦੇ ਸੂਤਰ(ਥੀਮ) ਨੂੰ ਹੀ ਦੁਨੀਆਂ ਦੇ ਬਾਕੀ ਹਿੱਸਿਆਂ ਵਿੱਚ ਜਾਣ ਦਾ ਤੇ ਉਹਨਾਂ ਦੀ ਕਥਾਵਾਂ ਦਾ ਵੀ ਆਧਾਰ ਮੰਨਦਾ ਹੈ।

ਕਿਸੇ ਵੀ ਸਾਹਿਤਿਕ ਰੂਪ ਨੂੰ ਉਸਦੀ ਪਰੰਪਰਾ ਨਾਲੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ। ਆਧੁਨਿਕ ਕਹਾਣੀ 19ਵੀਂ ਸਦੀ ਦੇ ਆਖਰੀ ਪੜਾਅ ਤੇ ਆ ਕੇ ਨਿਸ਼ਚਿਤ ਰੂਪ ਅਖ਼ਤਿਆਰ ਕਰਦੀ ਹੈ। ਵਧਦੀ ਚੇਤਨਾ, ਉਦਯੋਗਿਕ ਕ੍ਰਾਂਤੀ, ਡਾਰਵਿਨ ਦੇ ਮਨੁੱਖੀ ਵਿਕਾਸ ਦੇ ਸਿਧਾਂਤ ਤੇ ਫਰਾਈਡ ਦੇ ਮਨੋਵਿਗਿਆਨ ਦੇ ਸਿਧਾਂਤ ਨੇ ਸੱਭਿਅਤਾ ਦੇ ਇਸ ਪੜਾਅ ਤੇ ਮਨੁੱਖ ਨੂੰ ਸੋਚਣ ਸਮਝਣ ਦੀ ਨਵੀਂ ਚੇਤਨਾ ਦਿੱਤੀ। ਇਸ ਬਦਲਾਅ ਦਾ ਸਾਡੇ ਸਾਹਿਤਕ ਰੂਪਾਂ ਤੇ ਦਵੰਦਾਤਮਕ ਰੂਪ ਚ ਪ੍ਰਭਾਵ ਪੈਣਾ ਲਾਜ਼ਮੀ ਸੀ। ਸੋ ਆਧੁਨਿਕ ਸਾਹਿਤ ਰੂਪਾਂ ਲਈ ਥਾਂ ਬਣੀ। ਉਵੇਂ ਹੀ ਆਧੁਨਿਕ ਕਹਾਣੀ ਨੇ ਵੀ ਸਾਹਿਤਿਕ ਰੂਪਾਂ ਨਾਲੋਂ ਨਿਖੇੜ ਕੇ ਆਪਣਾ ਰੂਪ ਨਿਸ਼ਚਿਤ ਕੀਤਾ।

ਆਧੁਨਿਕ ਪੰਜਾਬੀ ਕਹਾਣੀ ਦੀ ਵਿਧਾਗਤ ਵਿਲੱਖਣਤਾ ਨੂੰ ਪਰਿਭਾਸ਼ਿਤ ਕਰਨ ਲਈ ਇਸ ਦੀ ਪਹਿਲੀ ਅਤੇ ਬਾਹਰੀ ਪਛਾਣ ਇਸਦੇ ਸੀਮਿਤ ਆਕਾਰ ਵਿੱਚ ਨਿਸ਼ਚਿਤ ਕੀਤੀ ਗਈ ਹੈ। ਪੱਛਮੀ ਆਲੋਚਕਾਂ ਵਿੱਚ ਐਡਗਰ ਐਲਨ ਪੋ ਅਤੇ ਈ. ਐਮ. ਫੋਰਸਟਰ ਨੇ ਇਸ ਨੂੰ ਨਿਸ਼ਚਿਤ ਖੰਡ ਵਿੱਚ ਪੜੀ ਜਾਣ ਜਾ ਸਕਣ ਵਾਲੀ ਜਾਂ ਨਿਸ਼ਚਿਤ ਆਕਾਰ ਵਿੱਚ ਰਚੀ ਜਾਣ ਵਾਲੀ ਰਚਨਾ ਵਜੋਂ ਪਰਿਭਾਸ਼ਿਤ ਕਰਕੇ ਇਸ ਦੀ ਰੂਪਗਤ ਸੀਮਾ ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਕਹਾਣੀ ਵਿੱਚ ਪੇਸ਼ ਬਿਰਤਾਂਤਕ ਤੱਥ ਨੂੰ ਜਦੋਂ ਇੱਕ ਬਿੰਬ ਦੀ ਸਰਬੰਗੀ ਪੇਸ਼ਕਾਰੀ (ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਅਤੇ ਪੰਜਾਬੀ ਨਿੱਕੀ ਕਹਾਣੀ), ਬੁੱਧੀ ਦੀ ਰਮਜ਼, ਇੱਕ ਇਸ਼ਾਰਾ (ਸੰਤ ਸਿੰਘ ਸੇਖੋਂ, ਸਮਾਚਾਰ), ਇੱਕ ਗੱਲ ਦੀ ਗਵਾਹੀ (ਮੋਹਨ

ਸਿੰਘ ਦੀਵਾਨਾ, ਦੇਵਿੰਦਰ ਬੱਤੀਸੀ, ਕਿਸੇ ਇੱਕ ਵਾਕਿਆ ਦਾ ਵਰਨਣ (ਕਰਤਾਰ ਸਿੰਘ ਦੁੱਗਲ, ਮੇਰੀ ਚੋਣਵੀਂ ਕਹਾਣੀ, ਮੁੱਖ ਬੰਧ), ਇਕੱਲੀਆਂ ਦੁਬਿਧਾਵਾਂ ਦਾ ਚਿਤਰਣ (ਜੋਗਿੰਦਰ ਸਿੰਘ ਰਾਹੀ, ਨਿੱਕੀ ਕਹਾਣੀ ਦੀ ਰੂਪ ਵਿਧਾ) ਆਦਿ ਦੇ ਪਰਿਭਾਸ਼ਾਵਾਂ ਵਾਕੰਸ਼ਾਂ ਵਿੱਚ ਸਮੇਟਿਆ ਜਾਂਦਾ ਹੈ ਤਾਂ ਨਿਰਸੰਦੇਹ ਇਸਦੇ ਸਰੂਪ ਨੂੰ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਆਧੁਨਿਕ ਕਹਾਣੀ ਵਿੱਚ ਸਾਧਾਰਨ ਮਨੁੱਖ ਦੀ ਸਧਾਰਨਤਾ ਨੂੰ ਪੇਸ਼ ਕੀਤਾ ਜਾਂਦਾ ਹੈ। ਆਧੁਨਿਕ ਸੰਵੇਦਨਾ ਦੀ ਉਪਜ ਹੋਣ ਕਰਕੇ ਇਹ ਨਿਸ਼ਚੇ ਦੀ ਥਾਂ ਤਰਕ, ਦ੍ਰਿਸ਼ਟਾਂਤ ਦੀ ਥਾਂ ਵਾਸਤਵਿਕਤਾ ਅਤੇ ਵਿਆਖਿਆ ਦੀ ਥਾਂ ਸੰਕੇਤ ਮੁਖੀ ਹੈ ਅਤੇ ਇਹੀ ਤੱਤ ਇਸਦੀ ਜਟਿਲ ਬਿਰਤਾਂਤਕ ਰਚਨਾ ਦਾ ਨਿਰਮਾਣ ਕਰਦੇ ਹਨ। ਇਹ ਕਹਾਣੀ ਸਰਲਤਾ ਦੀ ਥਾਂ ਤੇ ਜਟਿਲਤਾ ਦੀ ਧਾਰਨੀ ਹੈ। ਮੱਧਕਾਲ ਦੇ ਵਿੱਚ ਸਾਹਿਤ ਦੇ ਲੋਕਧਾਰਾਈ ਰੂਪ ਦੇ ਪਾਤਰ ਨਾਇਕ ਜਾਂ ਅਨਾਇਕ ਦੇ ਵਿੱਚ ਵੰਡੇ ਹੋਏ ਸਨ ਪਰ ਆਧੁਨਿਕ ਕਹਾਣੀ ਵਿੱਚ ਇਸ ਤਰ੍ਹਾਂ ਦੇ ਨਾਇਕਤਵ ਨੂੰ ਪੇਸ਼ ਹੀ ਨਹੀਂ ਕੀਤਾ ਗਿਆ। ਪ੍ਰੇਮ ਪ੍ਰਕਾਸ਼ ਅਨੁਸਾਰ 'ਬੰਦੇ ਅੰਦਰ ਬੰਦੇ' ਵਰਗੀ ਧਾਰਨਾ ਨੂੰ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ। ਕਿਉਂਕਿ ਇੱਕ ਪਾਤਰ ਦੇ ਅੰਦਰ ਹੀ ਮਾੜਾ ਜਾਂ ਚੰਗਾ ਪੱਖ ਦੋਨੋਂ ਹੀ ਵੇਖਣ ਨੂੰ ਮਿਲ ਜਾਣਗੇ। ਪੂੰਜੀਵਾਦੀ ਵਿਵਸਥਾ ਦੇ ਵਿੱਚ ਸੰਯੁਕਤ ਪਰਿਵਾਰ ਦਾ ਟੁੱਟਣਾ, ਵਿਅਕਤੀਵਾਦ ਰੁਚੀਆਂ ਕਰਕੇ ਛੋਟੇ ਪਰਿਵਾਰ ਦਾ ਚਲਣ, ਸੰਚਾਰ ਦੇ ਮਾਧਿਅਮ ਦੇ ਵਧਣ ਕਾਰਨ ਰਿਸ਼ਤਿਆਂ 'ਚ ਵਧਦੀ ਦੂਰੀ, ਵਿਆਹ ਨਾਂ ਦੀ ਸੰਸਥਾ ਦੇ ਟੁੱਟਣ ਦੇ ਆਸਾਰ ਆਦਿ ਸਭ ਬੰਦੇ ਦੀ ਇੱਕਲਤਾ ਨੂੰ ਵਧਾਉਂਦੇ ਹਨ। ਬਾਹਰੀ ਸਥਿਤੀਆਂ ਨਾਲੋਂ ਇਨਸਾਨ ਦੇ ਅੰਦਰਲੇ ਵੱਲ ਝਾਤ ਮਾਰਨ ਕਰਕੇ ਕਹਾਣੀਆਂ ਦੇ ਵਿੱਚ ਬੰਦੇ ਦੇ ਅਵਚੇਤਨ ਨੂੰ ਫਰੋਲਣ ਕਰਕੇ ਮਨੋ ਬਚਨੀ ਵਿਧੀ ਪ੍ਰਚਲਿਤ ਹੋਈ ਹੈ। ਇਸ ਬਦਲ ਦੀਆਂ ਪਰਿਸਥਿਤੀਆਂ ਨੇ ਕਹਾਣੀ ਦੇ ਰੂਪ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜਿਸ ਕਾਰਨ ਵੱਖੋ ਵੱਖਰੇ ਰੂਪ ਮਿੰਨੀ ਕਹਾਣੀ, ਲੰਮੀ ਕਹਾਣੀ, ਨਿੱਕੀ ਕਹਾਣੀ ਹੋਂਦ ਵਿਚ ਆਏ ਹਨ।

"ਕਹਾਣੀ ਸਭ ਤੋਂ ਅਗਲੀ ਤੇ ਦੁਰਾਡੀ ਚੌਂਕੀ ਹੈ ਤੇ ਕਹਾਣੀਕਾਰ ਬਾਰਡਰ ਸਕਾਊਟਸ ਹਨ ਜਿਹੜੇ ਹਰ ਵੇਲੇ ਹੋਰ ਅਗਾਂਹ ਘੋਖਣ ਤੇ ਜਾਂਚਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ।"[2] ਕਹਾਣੀ ਬਾਕੀ ਸਾਹਿਤ ਰੂਪਾਂ ਨਾਲੋਂ ਤੱਟ ਫੱਟ ਕਿਸੇ ਥੀਮ ਨੂੰ ਆਪਣੀ ਰਚਨਾ ਵਿੱਚ ਲੈ ਆਉਂਦੀ ਹੈ। ਜਿਸ ਕਾਰਨ ਇਹ ਸਮੇਂ ਦੇ ਬਦਲਾਅ ਕਾਰਨ ਆਪਣੇ ਸਰੂਪ 'ਚ ਬਦਲਾਅ ਵੀ ਕਰਦੀ ਰਹਿੰਦੀ ਹੈ। ਕਹਾਣੀ ਦੇ ਅਗਾਂਹ ਅੱਡ ਅੱਡ ਰੂਪਾਂ ਨੂੰ ਵਿਗਸਣ ਦਾ ਮੌਕਾ ਮਿਲਦਾ ਹੈ। ਮੇਰਾ ਵਿਸ਼ਾ ਕਹਾਣੀ ਦੇ ਲੰਮੀ ਕਹਾਣੀ ਸਰੂਪ ਬਾਰੇ ਘੋਖ ਪੜਤਾਲ ਕਰਨ ਦਾ ਹੈ ਸੋ ਲੰਮੀ ਕਹਾਣੀ ਦੇ ਸਰੂਪ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਲੰਮੀ ਕਹਾਣੀ ਦੀ ਵਿਧਾ ਬਾਰੇ ਕੋਈ ਪ੍ਰਵਾਣਿਤ ਧਾਰਨਾ ਨਹੀਂ ਹੈ ਪਰ ਮੂਲ ਰੂਪ ਵਿੱਚ ਇਸ ਨੂੰ ਨਿੱਕੀ ਕਹਾਣੀ ਦਾ ਇੱਕ ਆਕਾਰ ਪੱਖੋਂ ਭੇਦ ਵਜੋਂ ਹੀ ਸਵੀਕਾਰ ਕੀਤਾ ਗਿਆ ਹੈ ਨਾ ਕਿ ਇੱਕ ਵੱਖਰੇ ਵਿਸ਼ੇਸ਼ ਸੁਤੰਤਰ ਰੂਪਾਕਾਰ ਵਜੋਂ। ਪਹਿਲਾ ਭੇਦ ਇਸ ਦੇ ਆਕਾਰ ਵਿਚ "ਕਹਾਣੀ ਦੀ ਸ਼ਬਦ ਸੰਖਿਆ 1000-3000 ਤੇ ਲੰਮੀ ਕਹਾਣੀ ਦੀ ਸ਼ਬਦ ਸੰਖਿਆ 4000- 15000 ਪ੍ਰਸਤਾਵਿਤ ਕੀਤੀ ਜਾ ਸਕਦੀ ਹੈ।"[3] ਸਾਹਿਤ ਕੋਸ਼ ਦੇ ਵਿੱਚ ਐਡਗਰ ਐਲਨ ਪੋ ਦੀ ਧਾਰਨਾ ਹੈ ਕਿ ਨਿੱਕੀ ਕਹਾਣੀ ਦਾ ਸ਼ਾਬਦਿਕ ਆਕਾਰ 2500 ਸ਼ਬਦਾਂ ਤੋਂ 10000 ਸ਼ਬਦਾਂ ਤੱਕ ਫੈਲਿਆ ਹੋ ਸਕਦਾ ਹੈ, ਦੀ ਤੁਲਨਾ ਵਿੱਚ ਲੰਮੀ ਨਿੱਕੀ ਕਹਾਣੀ ਦਾ ਆਕਾਰ 10000 ਸ਼ਬਦਾਂ ਤੋਂ ਵਧੇਰੇ ਦੱਸਿਆ ਗਿਆ ਹੈ।[4] ਅਜੋਕੀ ਲੰਮੀ ਕਹਾਣੀ

ਦੀ ਪਰਖ ਦੇ ਲਈ ਇਹ ਨੁਕਤਾ ਸਹਾਈ ਤਾਂ ਹੋ ਸਕਦਾ ਹੈ ਪਰ ਪੂਰਨ ਤੌਰ ਤੇ ਆਧਾਰ ਨਹੀਂ ਬਣ ਸਕਦਾ। ਦੇਖਿਆ ਜਾਵੇ ਤਾਂ ਇਹ ਵਿਸਤ੍ਰਿਤ ਆਕਾਰ ਤਾਂ ਸਾਨੂੰ ਲੋਕ ਕਹਾਣੀਆਂ ਤੇ ਮੁੱਢਲੇ ਦੌਰ ਦੀਆਂ ਕੁਝ ਕੁ ਕਹਾਣੀਆਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ ਜਿਵੇਂ ਕਿ ਲੋਕ ਕਹਾਣੀਆਂ ਵਿੱਚ ਨਲ ਦਮਯੰਤੀ, ਰਾਜਾ ਰਸਾਲੂ, ਰੂਪ ਬਸੰਤ ਆਦਿ। ਮੁੱਢਲੇ ਦੌਰ ਵਿੱਚ ਰਚਿਤ ਜੋਸ਼ੂਆ ਫਜ਼ਲਦੀਨ ਦੀ ਕਹਾਣੀ 'ਅਦਬੀ-ਅਫ਼ਸਾਨੇ' ਕਹਾਣੀ ਸੰਗ੍ਰਹਿ ਵਿੱਚ ਵੀ ਲੰਮੀਆਂ ਕਹਾਣੀਆਂ ਹਨ।

ਲੰਮੀ ਕਹਾਣੀ ਸਬੰਧੀ ਟਿੱਪਣੀਆਂ ਬਹੁਤ ਸਾਹਿਤ ਸ਼ਾਸਤਰੀਆਂ ਵੱਲੋਂ ਕੀਤੀਆਂ ਮਿਲਦੀਆਂ ਹਨ। ਸ਼ੁਰੂਆਤ ਦੇ ਵਿਚ ਕਿਸੇ ਵੀ ਸਾਹਿਤ ਭੇਦ ਬਾਰੇ ਸਿਰਫ਼ ਚਰਚਾ ਤੇ ਕਿਆਸ ਅਰਾਈਆਂ ਹੀ ਹੁੰਦੀਆਂ ਹਨ ਉਵੇਂ ਹੀ ਲੰਮੀ ਕਹਾਣੀ ਦੇ ਬਾਰੇ ਵੀ ਸਾਹਿਤ ਸ਼ਾਸਤਰੀ ਰੂਪਗਤ ਵੱਖਰਤਾ ਨਾ ਕਰਕੇ ਨਿੱਕੀ ਕਹਾਣੀ ਦੇ ਸਮਰੂਪ ਹੀ ਇਸ ਨੂੰ ਵਾਚ ਰਹੇ ਸਨ।

ਗੁਰਚਰਨ ਸਿੰਘ 'ਪੰਜਾਬੀ ਗਲਪਕਾਰ' (1954) ਵਿੱਚ ਪੰਜਾਬੀ ਕਹਾਣੀ ਵਿੱਚ ਲੰਮੀ ਕਹਾਣੀ ਦੇ ਰੁਝਾਨ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ ਹੈ-

> "ਨਿੱਕੀ ਵੱਡੀ ਕਹਾਣੀ ਕੋਈ ਵੱਖਰਾ ਭੇਦ ਨਹੀਂ ਹੈ, ਜਿਵੇਂ ਨਾਵਲ ਨਾਲੋਂ ਬਣਤ-ਗੁਣ ਕਰ ਕੇ ਤੇ ਸਮਰੱਥਾ ਕਰਕੇ ਨਿੱਕੇ ਕਹਾਣੀ ਵੱਖਰਾ ਸਾਹਿਤ ਭੇਦ ਬਣ ਗਈ ਹੈ। ਨਿੱਕੀ ਕਹਾਣੀ ਨਾਲੋਂ ਲੰਬਾਈ ਕਰਕੇ ਵੱਡੀ ਕਹਾਣੀ ਆਪਣੇ ਅੰਦਰਲੇ ਗੁਣਾਂ ਕਰ ਕੇ ਜਾਂ ਤਾਂ ਨਿੱਕੀ ਕਹਾਣੀ ਹੋਵੇਗੀ ਜਾਂ ਫੇਰ ਨਾਵਲ। ਛੋਟੀ ਨਾਵਲ ਨੂੰ ਆਮ ਤੌਰ ਤੇ ਨਿੱਕੀ-ਵੱਡੀ ਕਹਾਣੀ ਕਹਿ ਦਿਤਾ ਜਾਂਦਾ ਹੈ ਜਿਹੜਾ ਕਿ ਨਿਰਨਾ ਕਰਨ ਤੇ ਗ਼ਲਤ ਨਾਮ ਹੈ, ਕਿਉਂਕਿ ਨਿੱਕੀ-ਵੱਡੀ ਕਹਾਣੀ ਕੋਈ ਵਖਰਾ ਸਾਹਿਤ ਰੂਪ ਨਹੀਂ ਹੁੰਦੀ। ਨਾਵਲ ਦਾ ਆਮ ਆਕਾਰ ਕਾਫ਼ੀ ਵੱਡਾ ਹੋਣ ਕਰਕੇ ਛੋਟੇ ਸਾਈਜ਼ ਦੀ ਨਾਵਲ ਨੂੰ ਨਾਵਲ ਕਹਿਣ ਤੋਂ ਸੰਕੋਚ ਕੀਤਾ ਜਾਂਦਾ ਹੈ ਅਤੇ ਕਿਉਂਕਿ ਇਹ ਨਿੱਕੀ ਕਹਾਣੀ ਵੀ ਨਹੀਂ ਹੁੰਦੀ ਇਸ ਲਈ ਇਸ ਨੂੰ ਨਿੱਕੀ-ਵੱਡੀ ਕਹਾਣੀ ਦਾ ਨਾਂ ਦਿੱਤਾ ਜਾਂਦਾ ਹੈ।"[5]

ਗੁਰਚਰਨ ਸਿੰਘ ਵੀ ਉਹਨਾਂ ਵਿਦਵਾਨਾਂ ਵਿੱਚੋਂ ਹਨ ਜਿਹੜੇ ਕਿ ਲੰਮੀ ਕਹਾਣੀ ਨੂੰ ਵੱਖਰਾ ਰੂਪਾਕਾਰ ਨਹੀਂ ਮੰਨਦੇ ਪਰ ਉਸ ਵਕਤ ਲੰਮੀ ਕਹਾਣੀ ਆਪਣਾ ਸਰੂਪ ਨਿਸ਼ਚਿਤ ਕਰ ਰਹੀ ਸੀ ਤੇ ਉਸ ਬਾਰੇ ਉਹਨਾਂ ਨੇ ਆਪਣੀ ਕਿਤਾਬ ਦੇ ਵਿੱਚ ਜ਼ਿਕਰ ਕੀਤਾ ਹੈ।

ਇਵੇਂ ਹੀ ਡਾ. ਰਘਬੀਰ ਸਿੰਘ ਕਹਾਣੀ ਦੇ ਆਕਾਰ ਬਾਰੇ ਲਿਖਦੇ ਹੋਏ ਲੰਮੀ ਤੇ ਨਿੱਕੀ ਕਹਾਣੀ ਵਿੱਚ ਫਰਕ ਹੀ ਨਹੀਂ ਰਹਿਣ ਦਿੰਦੇ ਅਤੇ ਉਹਨਾਂ ਦਾ ਮੰਨਣਾ ਹੈ-

> "ਮੇਰੀ ਜਾਚੇ ਤਾਂ ਸ਼ਬਦ ਨਿੱਕੀ ਕਹਾਣੀ ਵੀ ਦਰੁਸਤ ਨਹੀਂ ਕਿਉਂਕਿ ਅੰਗਰੇਜ਼ੀ ਵਿੱਚ ਸ਼ਬਦ short story ਪ੍ਰਚਲਿਤ ਸੀ, ਇਸ ਲਈ ਉਸ ਦੇ ਅਨੁਸਾਰ ਹੀ ਅਨੁਵਾਦ ਕਰ ਲਿਆ ਗਿਆ।...ਸੋ ਕਹਾਣੀ ਦਾ ਸਿਰਫ ਕਹਾਣੀ ਹੁੰਦੀ ਹੈ ਨਾ ਇਹ ਲੰਮੀ ਕਹਾਣੀ ਹੈ, ਨਾ ਨਿੱਕੀ ਕਹਾਣੀ, ਪਰ ਜਿਹੜੀ ਕਹਾਣੀ ਤੁਹਾਨੂੰ ਕੰਪੈਕਟ

> ਲੱਗਦੀ ਹੈ, ਉਸਦਾ ਆਕਾਰ ਭਾਵੇਂ ਕੋਈ ਵੀ ਹੋਵੇ, ਉਹੋ ਵਧੀਆ ਕਹਾਣੀ ਹੈ। ਮਸਲਾ ਆਕਾਰ ਦਾ ਨਹੀਂ, ਮਸਲਾ ਇਹੀ ਹੈ ਕਿ ਕਹਾਣੀ ਵਿੱਚ ਕਹੀ ਜਾਣ ਵਾਲੀ ਗੱਲ ਆਖੀ ਕਿਵੇਂ ਗਈ ਹੈ।"[6]

ਬੇਸ਼ਕ ਕਹਾਣੀ ਉਸ ਵਿਚਲੇ ਕਥਾ ਵਸਤੂ ਤੇ ਹੀ ਅਧਾਰਿਤ ਹੁੰਦੀ ਹੈ ਪਰ ਕਹਾਣੀ ਦੇ ਰੂਪਾਕਾਰ ਨੂੰ ਵੀ ਇਹ ਨਿਸ਼ਚਿਤ ਕਰਦਾ ਹੈ। ਉਸਦੀ ਬਾਕੀ ਰੂਪਾਕਾਰਾਂ ਨਾਲੋਂ ਵੱਖਰਤਾ ਤੇ ਸਮਾਨਤਾ ਨੂੰ ਨਾ ਪਛਾਣ ਕੇ ਸਿਰਫ਼ ਵਧੀਆ ਕਹਾਣੀ ਕਹਿ ਕੇ ਬਣਦੀ ਜ਼ਿੰਮੇਵਾਰੀ ਤੋਂ ਟਲਿਆ ਨਹੀਂ ਜਾ ਸਕਦਾ। ਕਹਾਣੀ ਸ਼ਾਸਤਰ ਦਾ ਮੰਤਵ ਹੀ ਕਹਾਣੀ ਦੇ ਵਿਕਾਸ ਕਰਦੇ ਸਰੂਪ ਨੂੰ ਤੇ ਉਸ ਦੀ ਵਿਲੱਖਣਤਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ।

ਪਹਿਲੀ ਵਾਰ ਸਟੀਕ ਰੂਪ ਵਿਚ ਲੰਮੀ ਕਹਾਣੀ ਦੇ ਬਾਰੇ ਚਰਚਾ ਛੇੜਨ ਦਾ ਸਿਹਰਾ ਜਗਜੀਤ ਸਿੰਘ ਛਾਬੜਾ ਨੂੰ ਜਾਂਦਾ ਹੈ। ਉਹਨਾਂ ਵੱਲੋਂ 1965 ਦੇ ਵਿੱਚ 'ਲੰਮੀ ਕਹਾਣੀ' ਨਾਮ ਦੀ ਪੁਸਤਕ ਸੰਪਾਦਿਤ ਕਰਨ ਨਾਲ ਇਸ ਨੂੰ ਨਵੇਕਲੀ ਪਛਾਣ ਦੇਣ ਦੀ ਕੋਸ਼ਿਸ਼ ਹੋਈ। ਇਸ ਦੀ ਭੂਮਿਕਾ ਦੇ ਵਿੱਚ ਉਹਨਾਂ ਨੇ ਲੰਮੀ ਕਹਾਣੀ ਦੇ ਰੂਪਾਕਾਰਕ ਲੱਛਣਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਨੂੰ ਨਵੀਨ ਅਨੁਭਵ ਦੀ ਸਿਰਜਣਾਤਮਕ ਲੋੜ ਦੀ ਉਪਜ ਦੱਸਿਆ ਹੈ। ਉਹਨਾਂ ਅਨੁਸਾਰ,

> "ਨਿੱਕੀ ਕਹਾਣੀ ਦਾ ਕਲਾ ਰੂਪ ਅਜਿਹੇ ਨਿਯਮਾਂ ਦਾ ਧਾਰਨੀ ਚਲਾ ਆ ਰਿਹਾ ਹੈ ਕਿ ਅਨੁਭਵ ਨੂੰ ਪੂਰੀ ਸੁਤੰਤਰਤਾ ਨਾਲ ਪ੍ਰਗਟਾ ਕੇ ਵੀ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਅਨੁਭਵ ਨੂੰ ਕਾਫੀ ਹੱਦ ਤੱਕ ਸੁਕੇੜਨਾ ਪਿਆ ਹੈ। ਆਧੁਨਿਕ ਸੰਵੇਦਨਾ ਨੇ ਵਿਅਕਤੀ ਦ੍ਰਿਸ਼ਟੀਕੋਣ ਨੂੰ ਵਧੇਰੇ ਸਫਲ ਬਣਾ ਦਿੱਤਾ ਹੈ। ਇਹ ਵਿਅਕਤੀ ਚਿੰਤਨ ਅਨੁਭਵ ਨੂੰ ਪੂਰਣ ਤੌਰ ਤੇ ਸੁਤੰਤਰ ਅਤੇ ਮੌਲਿਕ ਰੂਪ ਵਿੱਚ ਪ੍ਰਗਟਾਉਣਾ ਲੋਚਦਾ ਹੈ।...ਇਸ ਮੌਲਿਕ ਅਤੇ ਸਬਲ ਜੀਵਨ ਅਧਿਐਨ ਨੇ ਨਿੱਕੀ ਕਹਾਣੀ ਦੇ ਆਕਾਰ ਨੂੰ ਵਿਸਤ੍ਰਿਤ ਕਰਨ ਦੇ ਨਾਲ-ਨਾਲ ਇੱਕ ਸਫਲ ਤੇ ਸ਼ਕਤੀਸ਼ਾਲੀ ਦ੍ਰਿਸ਼ਟੀਕੋਣ ਦੇ ਪ੍ਰਗਟਾ ਦੀ ਵੀ ਮੰਗ ਕੀਤੀ ਹੈ।"[7]

ਵਿਦਵਾਨ ਅਨੁਸਾਰ ਨਿੱਕੀ ਕਹਾਣੀ ਦਾ ਜਿਹੜਾ ਸਰੂਪ ਪ੍ਰਚਲਿਤ ਹੈ ਉਸ ਵਿੱਚ ਕੁਝ ਕੁ ਕਹਾਣੀਆਂ ਇਸ ਤਰ੍ਹਾਂ ਦੀਆਂ ਹਨ ਜਿਹਨਾਂ ਵਿੱਚ ਮਨੁੱਖ ਦੇ ਅਨੁਭਵ ਨੂੰ ਸੁਕੇੜ ਕੇ ਪੇਸ਼ ਕੀਤਾ ਗਿਆ ਹੈ। ਇਸ ਅਨੁਭਵ ਨੂੰ ਵਿਸਤ੍ਰਿਤ ਰੂਪ 'ਚ ਪੇਸ਼ ਕਰਨਾ ਹੀ ਲੰਮੀ ਕਹਾਣੀ ਦੀ ਉਪਜ ਕਾਰਨ ਬਣਿਆ ਹੈ। ਜਦੋਂ ਪਹਿਲਾਂ ਪਹਿਲ ਲੰਮੀ ਕਹਾਣੀ ਪਦ ਵਰਤਿਆ ਗਿਆ ਉਦੋਂ ਸੱਚਮੁੱਚ ਲੰਮੀ ਕਹਾਣੀ, ਨਿੱਕੀ ਕਹਾਣੀ ਦੀ ਮੁੱਖ ਵਿਧਾ ਦੇ ਅੰਤਰਗਤ ਹੀ ਇੱਕ ਰੂਪ ਸੀ। ਕਿਉਂਕਿ ਨਿੱਕੀ ਕਹਾਣੀ ਦੇ ਅਭਿਆਸੀ ਕਹਾਣੀਕਾਰ ਕਦੇ ਕਦਾਈਂ ਲੰਮੀ ਕਹਾਣੀ ਲਿਖਦੇ ਸਨ। ਹਾਲਾਂਕਿ ਅਮਰੀਕੀ ਅੰਗਰੇਜ਼ੀ ਗਲਪ ਅਤੇ ਉਰਦੂ ਗਲਪ ਵਿੱਚ ਇਹ ਵਿਧਾ ਹਰਮਨ ਪਿਆਰੀ ਹੋ ਚੁੱਕੀ ਸੀ। ਪੰਜਾਬੀ ਕਹਾਣੀਕਾਰ ਉਹਨਾਂ ਤੋਂ ਪ੍ਰੇਰਿਤ ਹੋ ਕੇ ਤਜਰਬੇ ਵਜੋਂ ਕਦੇ ਕਦਾਈਂ ਲੰਮੀ ਕਹਾਣੀ ਲਿਖਦੇ ਸਨ। ਉਹਨਾਂ ਮੁੱਢਲੇ ਲੇਖਕਾਂ ਨੇ ਭਵਿੱਖ ਵਿੱਚ ਇਸ ਵਿਧਾ ਦੇ ਵਿਕਾਸ ਲਈ ਮੁੱਢਲੀਆਂ ਪੈੜਾਂ ਜ਼ਰੂਰ ਧਰ ਦਿੱਤੀਆਂ ਸਨ ਪ੍ਰੰਤੂ ਹੁਣ ਇਹ ਅਜਿਹਾ ਰੂਪਾਕਾਰ ਹੈ ਜਿਹੜਾ ਪੰਜਾਬੀ ਬੰਦੇ ਦੇ ਅਨੁਭਵ 'ਚੋਂ ਸਹਿਜ ਰੌਂ ਵਿੱਚੋਂ ਪੈਦਾ ਹੋਇਆ ਹੈ ਅਤੇ ਬਿਰਤਾਂਤਕ ਪ੍ਰਗਟਾਵੇ ਦੇ ਪ੍ਰਮੁੱਖ ਤੇ ਸ਼ਕਤੀਸ਼ਾਲੀ ਮਾਧਿਅਮ ਵਜੋਂ ਸਥਾਪਿਤ ਹੋ ਚੁੱਕਾ ਹੈ।

1960 ਤੋਂ ਬਾਅਦ ਜਦੋਂ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੇ ਖੇਤਰ ਵਿੱਚ ਲੰਮੀਆਂ ਕਹਾਣੀਆਂ ਰਚੀਆਂ ਤਾਂ ਇਸ ਰੂਪਾਕਾਰ ਪ੍ਰਤੀ ਸਾਹਿਤ ਸ਼ਾਸਤਰੀਆਂ ਦਾ ਧਿਆਨ ਗਿਆ। ਫਿਰ ਇੱਕ ਵੱਖਰੇ ਤੌਰ ਤੇ ਰੂਪਾਕਾਰ ਵਜੋਂ ਪ੍ਰਭਾਸ਼ਿਤ ਕਰਨਾ ਸ਼ੁਰੂ ਕੀਤਾ ਜਿਵੇਂ ਕਿ ਡਾ. ਰਾਹੀ ਲਿਖਦੇ ਹਨ

> "ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਜਦੋਂ ਤੋਂ ਵਰਿਆਮ ਸੰਧੂ ਨੇ ਪੈਰ ਧਰਿਆ ਹੈ ਤਦੋਂ ਤੋਂ ਨਿੱਕੀ ਕਹਾਣੀ ਦੇ ਟਾਕਰੇ ਵਿੱਚ ਲੰਮੀ ਕਹਾਣੀ ਦਾ ਵੀ ਅਕਸਰ ਜ਼ਿਕਰ ਹੋਣ ਲੱਗ ਪਿਆ ਹੈ। ਪਰ 'ਲੰਮੀ ਕਹਾਣੀ' ਦੇ ਵਿਧਾ ਸ਼ਾਸਤਰ ਦਾ ਕਦੇ ਕਿਸੇ ਨੇ ਨਿਖੇੜਾ ਨਹੀਂ ਕੀਤਾ, ਭਾਵੇਂ ਕਿਧਰੇ ਕਿਧਰੇ ਇਹ ਨਿੱਕੀ ਕਹਾਣੀ ਤੇ ਨਾਵਲ ਦੇ ਵਿਚ ਵਿਚਾਲੇ ਦੀ ਕੋਈ ਚੀਜ਼ ਹੋਣ ਦਾ ਭਰਮ ਜ਼ਰੂਰ ਪੈਦਾ ਕਰਦੀ ਹੈ। ਦਰਅਸਲ, ਵਿਧਾ ਦੇ ਪੱਖ ਤੋਂ ਇਹ ਨਿੱਕੀ ਕਹਾਣੀ ਨਾਲੋਂ ਨਿਵੇਕਲੇ ਵਿਸ਼ੇਸ਼ ਵੱਖਰੇ ਗੁਣਾਂ ਜਾਂ ਲੱਛਣਾਂ ਵਾਲਾ ਬਿਰਤਾਂਤ ਰੂਪ ਨਹੀਂ ਹੈ। ਵਰਿਆਮ ਸੰਧੂ ਦੀਆਂ ਕਹਾਣੀਆਂ ਨੂੰ ਲੰਮੀ ਕਹਾਣੀ ਦਾ ਪ੍ਰਤਿਮਾਨ ਮੰਨ ਲਈਏ ਤਾਂ ਅਸੀਂ ਵੇਖਾਂਗੇ ਜੋ ਚੀਜ਼ ਇਹਨਾਂ ਨੂੰ ਲੰਮੀਆਂ ਬਣਾਉਂਦੀ ਹੈ, ਉਹ ਹੈ ਇਹਨਾਂ ਵਿਚ ਮੁੱਖ ਬਿਰਤਾਂਤ ਦੇ ਅੰਤਰਗਤ ਉਪ-ਬਿਰਤਾਂਤਾਂ ਦੀ ਵਰਤੋਂ। ਇਹਨਾਂ ਉਪ-ਬਿਰਤਾਂਤਾਂ ਦਾ ਮੁੱਖ ਪ੍ਰਕਾਰਜ ਕਹਾਣੀ ਵਿਚਲੇ ਸੰਵੇਦਨ-ਭਾਵ ਨੂੰ ਸੰਘਣਤਾ (density) ਦੇਣਾ ਹੈ। ਸ਼ਾਇਦ ਕੁਝ ਪਾਸਾਰ ਵੀ। ਬਾਕੀ ਗੱਲਾਂ ਵਿੱਚ ਇਸ ਦਾ ਮੁੱਖ ਕਿਰਦਾਰ ਨਿੱਕੀ ਕਹਾਣੀ ਵਾਲੀਆਂ ਮਾਨਵੀ ਦੁਵਿਧਾਵਾਂ ਨਾਲ ਹੀ ਸੰਬੰਧਿਤ ਰਹਿੰਦਾ ਹੈ।"[8]

ਡਾ. ਰਾਹੀ ਲੰਮੀ ਕਹਾਣੀ ਨੂੰ ਵਿਧਾ ਦੀ ਦ੍ਰਿਸ਼ਟੀ ਤੋਂ ਮੁੱਢਲੀ ਨਿੱਕੀ ਕਹਾਣੀ ਨਾਲੋਂ ਕਿਸੇ ਵੀ ਲਿਹਾਜ਼ ਨਾਲ ਵੱਖਰੀ ਨਹੀਂ ਮੰਨਦੇ ਸਿਰਫ ਤਰਤੀਬਕਾਰੀ ਦੇ ਲਿਹਾਜ਼ ਨਾਲ ਵੱਖਰੀ ਮੰਨਦੇ ਹਨ। ਉਹਨਾਂ ਅਨੁਸਾਰ ਫਰਕ ਸਿਰ ਪ੍ਰਭਾਵ ਦਾ ਪਿਆ ਹੈ। ਕਹਾਣੀ ਦ੍ਰਿਸ਼ਟੀ ਦੀ ਹਕੀਕਤ ਦਾ ਨਹੀਂ। ਡਾ. ਰਾਹੀ ਲੰਮੀ ਕਹਾਣੀ ਦੇ ਵੱਖਰੇ ਅਨੁਭਵ ਪਰਿਪੇਖ, ਇਸ ਅੰਦਰਲੀ ਬਿਰਤਾਂਤਕ-ਸੰਰਚਨਾ(ਤਰਤੀਬ) ਦੀ ਨਵੀਨਤਾ, ਉਪ ਬਿਰਤਾਂਤਾਂ ਰਾਹੀਂ ਸਿਰਜੇ ਜਾਂਦੇ ਸੰਵੇਦਨ-ਭਾਵ ਦੀ ਸੰਘਣਤਾ ਵਿੱਚੋਂ ਉਪਜਦੇ ਇਸਦੇ ਵੱਖਰੇ ਪ੍ਰਭਾਵ ਅਤੇ ਇਸ ਵਿੱਚ ਮਨੁੱਖੀ ਸਥਿਤੀ ਦੇ ਕੁਝ ਪਾਸਾਰਾਂ ਦੀ ਪੇਸ਼ਕਾਰੀ ਦੀ ਸੰਭਾਵਨਾ ਨੂੰ ਵੀ ਸਵੀਕਾਰ ਕਰਦੇ ਹਨ।

ਪਰ ਇਸ ਨਵੀਂ ਵਿਧਾ ਦੀ ਵੱਖਰੀ ਪਛਾਣ ਨੂੰ ਸਥਾਪਿਤ ਕਰਨ ਲਈ ਇੰਨਾ ਕਾਫੀ ਨਹੀਂ ਹੈ ਗੁਰਲਾਲ ਸਿੰਘ ਇਸ ਕਹਾਣੀ ਸਬੰਧੀ ਰੌਚਕਤਾ ਨਾਲ ਲਿਖਦੇ ਹੋਏ ਕਹਿੰਦੇ ਹਨ ਕਿ ਲੰਬੀ ਕਹਾਣੀ ਲਿਖਣਾ ਸਹਿਲ ਕਾਰਜ ਨਹੀਂ। ਵਗਦੀ ਹੋਈ ਨਦੀ ਵਿੱਚੋਂ ਇੱਕ ਨੇ ਤਾਂ ਕੰਢੇ ਤੋਂ ਦਸ ਫੁੱਟ ਦੂਰੋਂ ਹੀ ਫੁੱਲ ਚੁੱਕ ਲਿਆਉਣਾ ਹੈ ਤੇ ਦੂਜੇ ਨੇ ਨਦੀ ਦੇ ਐਨ ਵਿਚਕਾਰੋਂ। ਨਦੀ ਦੇ ਮੱਧ ਵਿਚਲਾ ਫੁੱਲ ਸੋਹਣਾ ਵੀ ਹੈ ਤੇ ਖੁਸ਼ਬੂਦਾਰ ਵੀ ਹੈ। ਪਰ ਨਦੀ ਦੇ ਵਿਚਕਾਰ ਜਾਣ ਵਾਲਾ ਜੇ ਚੰਗਾ ਤਾਰੂ ਨਹੀਂ ਤਾਂ ਉਸਦਾ ਵਿਚਕਾਰ ਹੀ ਦਮ ਟੁੱਟ ਜਾਣ ਦੀ ਵੀ ਸੰਭਾਵਨਾ ਹੋ ਸਕਦੀ ਹੈ। ਮੇਰਾ ਭਾਵ ਹੈ ਕਿ ਲੰਬੀ ਕਹਾਣੀ ਲਿਖਣ ਵਾਲੇ ਕੋਲ ਇਕ ਠਰੰਮਾ, ਇੱਕ ਸਿਖਲਾਈ ਹੋਣੀ ਚਾਹੀਦੀ ਹੈ। ਉਸਦੇ ਹੱਥ ਬਹੁਤ ਸਿਖਲਾਈ ਵਾਲੀ ਸੂਈ ਹੋਵੇ, ਨਿਟਿੰਗ ਦਾ ਪੂਰਾ ਸਮਾਨ ਹੋਵੇ ਤੇ ਉਸਨੂੰ ਪਤਾ ਹੋਵੇ ਕਿ ਰਚਨਾ ਨੂੰ ਬੁਣਨਾ ਕਿਵੇਂ ਹੈ? ਜਿਹੜੀ ਲੜੀ ਬੁਣਤੀ ਵਿੱਚੋਂ ਬਾਹਰ ਨਿਕਲ ਜਾਵੇਗੀ

ਉਹ ਬੁਰੀ ਲੱਗੇਗੀ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਲੇਖਕ ਕਿਹੜੀ ਗੱਲ ਕਿਵੇਂ ਸਮਰੱਥ ਤਰੀਕੇ ਨਾਲ ਕਹਿਣਾ ਚਾਹੁੰਦਾ ਹੈ? ਵਸਤ ਦੀ ਲੋੜ ਅਨੁਸਾਰ ਪੰਜ ਸਫ਼ੇ ਦੀ ਕਹਾਣੀ ਵੀ ਹੋ ਸਕਦੀ ਹੈ ਤੇ ਪੰਜਾਹ ਸਫ਼ੇ ਦੀ ਵੀ। ਜੇ ਉਸਨੇ ਇਕਹਿਰੀ ਗੱਲ ਕਹਿਣੀ ਹੋਵੇਗੀ ਤਾਂ ਉਹ ਥੋੜ੍ਹੇ ਪਾਤਰ ਤੇ ਘਟਨਾਵਾਂ ਲੈ ਕੇ ਇਕਹਿਰੀ ਤੇ ਛੋਟੀ ਕਹਾਣੀ ਲਿਖੇਗਾ। ਪਰ ਜੇ ਉਸਨੇ ਜ਼ਿੰਦਗੀ ਦੀਆਂ ਵਿਭਿੰਨ ਪਰਤਾਂ ਨੂੰ ਡੂੰਘਾਈ ਵਿੱਚ ਜਾ ਕੇ ਪੇਸ਼ ਕਰਨਾ ਹੈ ਤਾਂ ਉਸਨੂੰ ਲਾਜ਼ਮੀ ਤੌਰ ਤੇ ਲੰਬੀ ਕਹਾਣੀ ਲਿਖਣੀ ਪਵੇਗੀ।[9] ਉਹਨਾਂ ਅਨੁਸਾਰ ਲੰਮੀ ਕਹਾਣੀ ਨਦੀ ਦੇ ਵਿਚਕਾਰੋਂ ਫੁੱਲ ਲਿਆਉਣਾ ਪ੍ਰਤੀਕ ਮਾਨਵੀ ਜ਼ਿੰਦਗੀ ਦੇ ਡੂੰਘਾਈ ਤੇ ਜਟਿਲ ਪਰਤਾਂ ਨੂੰ ਫਰੋਲ ਕੇ ਸਾਹਮਣੇ ਲਿਆਉਣਾ ਹੈ। ਲੰਮੀ ਕਹਾਣੀ ਮਨੁੱਖ ਦੀ ਅੰਦਰਲੀ ਮਨੋ ਸਰੰਚਨਾ ਨਾਲ ਵੱਧ ਸਬੰਧਤ ਹੈ ਬਜਾਏ ਕਿ ਬਾਹਰੀ ਨਾਲ। ਬਾਹਰੀ ਜਗਤ ਦੇ ਪ੍ਰਭਾਵ ਕਾਰਨ ਉਸਦੇ ਅਵਚੇਤਨ ਦੀ ਪੇਸ਼ਕਾਰੀ ਲੰਮੀ ਕਹਾਣੀ ਆਪਣੀ ਰਚਨਾ ਵਿੱਚ ਕਰਦੀ ਹੈ। ਲੰਮੀ ਕਹਾਣੀ ਨੂੰ ਵਿਧਾਗਤ ਵਿਲੱਖਣਤਾ ਨਾਲ ਸਥਾਪਿਤ ਕਰਨ ਵਾਲਾ ਕਹਾਣੀਕਾਰ ਵਰਿਆਮ ਸਿੰਘ ਸੰਧੂ ਵੀ ਕਹਾਣੀ ਦੇ ਲੱਛਣ ਉਘਾੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਲਿਖਦਾ ਹੈ ਕਿ "ਹੁਣ ਕਹਾਣੀ ਇੱਕ ਸਟੇਸ਼ਨ ਤੋਂ ਦੂਜੇ ਸਟੇਸ਼ਨ ਤੱਕ ਦਾ ਸਫ਼ਰ ਜਾਂ ਸਰਪਟ ਦੌੜ ਘੌੜ ਨਹੀਂ ਰਹਿ ਗਈ। ਲੇਖਕ ਸਿੱਧਾ ਨੱਕ ਦੀ ਸੇਧੇ ਸ਼ੂਟ ਵੱਟ ਕੇ ਦੌੜਨ ਦੀ ਥਾਂ ਆਸੇ ਪਾਸੇ ਵੇਖ ਕੇ ਹੌਲੀ ਹੌਲੀ ਤੁਰਨ ਲੱਗਾ। ਆਸੇ ਪਾਸੇ ਬੜਾ ਕੁਝ ਸੋਹਣਾ-ਕੁਸੋਹਣਾ ਅਜਿਹਾ ਸੀ ਜੋ ਕਹਾਣੀ ਦੇ ਕੇਂਦਰੀ ਨੁਕਤੇ ਨੂੰ ਹੋਰ ਗੂੜ੍ਹਾ, ਪ੍ਰਭਾਵਸ਼ਾਲੀ ਤੇ ਜਾਨਦਾਰ ਬਣਾਉਣ ਵਿੱਚ ਅਸਰ ਅੰਦਾਜ਼ ਹੁੰਦਾ ਸੀ। ਕਹਾਣੀਕਾਰ ਦੀ ਇਸ ਸਹਿਜ ਤੋਰ ਨੇ ਕਹਾਣੀ ਦੇ ਬਿਰਤਾਂਤ ਉੱਤੇ ਵੀ ਅਸਰ ਪਾਇਆ। ਲੇਖਕ ਹੁਣ ਕਹਾਣੀ ਪਾਉਣ ਦੀ ਥਾਂ ਕਹਾਣੀ ਵਿਖਾਉਣ ਲੱਗਾ। ਉਹ ਚੁੱਪ ਰਹਿ ਕੇ ਪਾਤਰਾਂ ਸਥਿਤੀਆਂ ਅਤੇ ਘਟਨਾਵਾਂ ਦੇ ਟਕਰਾਅ ਵਿੱਚੋਂ ਕਹਾਣੀ ਦਾ ਸੱਚ ਉਜਾਗਰ ਕਰਨ ਲੱਗਾ। ਇਹੋ ਕਾਰਨ ਹੈ ਕਿ ਕਹਾਣੀ ਸਥਿਤੀ ਕੇਂਦਰਿਤ ਹੋਣ ਲੱਗੀ। ਪਹਿਲਾਂ ਵਾਂਗ ਨਿਸ਼ਚਿਤ ਆਦਿ, ਮੱਧ, ਸਿਖਰ ਤੇ ਅੰਤ ਵੱਲ ਵਧਣ ਦੀ ਥਾਂ ਕਹਾਣੀ ਵਿੱਚ ਛੋਟੇ ਛੋਟੇ ਕਈ ਕੇਂਦਰ ਬਿੰਦੂ ਉਭਰਨ ਲੱਗੇ। ਇਹਨਾਂ ਛੋਟੇ ਛੋਟੇ ਕੇਂਦਰ ਬਿੰਦੂਆਂ ਦੇ ਵੱਖਰੇ ਛੋਟੇ ਛੋਟੇ ਸਿਖ਼ਰ ਉੱਸਰਨ ਲੱਗੇ। ਪਹਿਲਾਂ ਵਾਂਗ ਪਰਤਵੀਂ ਲਿਸ਼ਕੋਰ ਦੀ ਥਾਂ ਇਹ ਸਿਖ਼ਰ ਫਟ ਕੇ ਆਪਣੇ ਕੇਂਦਰ ਬਿੰਦੂ ਅਤੇ ਜੀਵਨ ਦੇ ਛੋਟੇ ਛੋਟੇ ਪਹਿਲੂਆਂ ਨੂੰ ਰੌਸ਼ਨ ਕਰਨ ਲੱਗੇ। ਪਰ ਇਹ ਛੋਟੇ ਕੇਂਦਰ ਬਿੰਦੂ ਇੱਕ ਕੇਂਦਰੀ ਸੂਤਰ ਨਾਲ ਜੁੜੇ ਹੋਏ ਹੋਣ ਕਰਕੇ ਸਮੁੱਚੀ ਕਹਾਣੀ ਮੁੱਢ ਤੋਂ ਲੈ ਕੇ ਅਖ਼ੀਰ ਤੱਕ ਨਵੇਂ ਤੇ ਡੂੰਘੇ ਅਰਥਾਂ ਵਿੱਚ ਲਿਸ਼ਕ ਉੱਠੀ। ਅਜਿਹੀ ਕਹਾਣੀ ਦਾ ਇੱਕ ਨਿਸ਼ਚਿਤ ਅਤੇ ਬੰਦ ਅੰਤ ਹੋਣਾ ਸੁਭਾਵਿਕ ਨਹੀਂ ਸੀ। ਇਸੇ ਲਈ ਖੁੱਲੇ ਅੰਤ ਵਾਲੀ ਕਹਾਣੀ ਲਿਖਣੀ ਜਾਣ ਵੱਲ ਲੱਗੀ ਅਤੇ ਕਹਾਣੀ ਦੇ ਅਰਥ ਕਹਾਣੀ ਦੀ ਸੰਰਚਨਾ ਵਿੱਚ ਡੂੰਘੇ ਉਤਰ ਕੇ ਵੇਖੇ ਤੇ ਪਛਾਣੇ ਜਾਣ ਲੱਗੇ।"[10]

ਭਾਵੇਂ ਸਿਰਜਣਾਤਮਕ ਭਾਸ਼ਾ ਵਿੱਚ ਹੀ ਸਹੀ ਵਰਿਆਮ ਸੰਧੂ ਨੇ ਲੰਮੀ ਕਹਾਣੀ ਦੇ ਕਹਾਣੀ ਨਾਲੋਂ ਕੁਝ ਮਹੱਤਵਪੂਰਨ ਨਿਖੜਵੇਂ ਲੱਛਣਾਂ ਵੱਲ ਸੰਕੇਤ ਕੀਤਾ ਹੈ। ਇੱਕ ਸਿਖਰ ਦੀ ਤਾਂ ਕਈ ਸਿਖਰਾਂ ਅਤੇ ਇੱਕ ਪ੍ਰਕਾਸ਼ ਬਿੰਦੂ ਦੀ ਥਾਂ ਕਈ ਪ੍ਰਕਾਸ਼ ਬਿੰਦੂਆਂ ਵਾਲੀ ਬਿਰਤਾਂਤ-ਯੋਜਨਾ ਲੰਮੀ ਕਹਾਣੀ ਦੀ ਖ਼ਾਸੀਅਤ ਬਣ ਜਾਂਦੀ ਹੈ। ਇਸ ਨਾਲ ਸਥਿਤੀ ਦੇ ਚਮਤਕਾਰ ਦੀ ਬਜਾਏ ਸਥਿਤੀ ਦਾ ਗਹਿਰਾ ਅਨੁਭਵ ਪੈਦਾ ਹੁੰਦਾ ਹੈ।

ਇਉਂ ਲੰਮੀ ਕਹਾਣੀ ਦਾ ਨਿੱਖੜਵਾਂ ਲੱਛਣ ਇਹ ਹੈ ਕਿ ਇਹ ਮੁੱਖ ਬਿਰਤਾਂਤ ਦੇ ਨਾਲ ਨਾਲ ਉਪ-ਬਿਰਤਾਂਤਾਂ ਨੂੰ ਲੈ ਕੇ ਚੱਲਦੀ ਹੈ ਤੇ ਉਪ-ਬਿਰਤਾਂਤ ਹੀ ਕਹਾਣੀ ਨੂੰ ਸੰਘਣਾਪਣ ਤੇ ਜਟਿਲਤਾ ਪ੍ਰਦਾਨ ਕਰਦੇ ਹਨ। ਹਰ ਸਾਹਿਤਕ ਵਿਧਾ ਦੇ ਉਪਜਣ ਤੇ ਆਪਣੇ ਕਾਰਨ ਹੁੰਦੇ ਹਨ। ਪੰਜਾਬੀ ਨਿੱਕੀ ਕਹਾਣੀ ਉਦੋਂ ਹੋਂਦ ਗ੍ਰਹਿਣ ਕਰਦੀ ਹੈ ਜਦੋਂ ਪੰਜਾਬੀ ਬੰਦੇ ਦੀ ਸੰਵੇਦਨਾ ਅੰਦਰ ਆਧੁਨਿਕਤਾ ਦਾ ਦਖ਼ਲ ਹੁੰਦਾ ਹੈ। ਇਹ ਉਹ ਦੌਰ ਹੈ ਜਦੋਂ ਪੂੰਜੀਵਾਦੀ ਰਾਜਸੀ ਆਰਥਿਕਤਾ ਆਪਣੇ ਪ੍ਰਗਤੀਸ਼ੀਲ ਦੌਰ ਵਿੱਚੋਂ ਗੁਜ਼ਰਦੀ ਹੋਈ ਸਮਾਜਿਕ ਸਰਗਰਮੀ ਵਿੱਚ ਸਧਾਰਨ ਮਨੁੱਖ ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ। ਇਸ ਦੌਰ ਵਿੱਚ ਆਰਥਿਕ ਖੇਤਰ ਵਿੱਚ ਉਤਪਾਦਨ ਅਤੇ ਬਾਜ਼ਾਰ ਦਾ ਫੋਕਸ ਇਕ ਗ੍ਰਾਹਕ ਅਤੇ ਉਪਭੋਗਤਾ ਦੇ ਤੌਰ ਤੇ ਸਧਾਰਨ ਮਨੁੱਖ ਉੱਤੇ ਆ ਜਾਂਦਾ ਹੈ ਅਤੇ ਰਾਜਨੀਤਿਕ ਸਰਗਰਮੀ ਵਿੱਚ ਮਤਦਾਤਾ ਵਜੋਂ ਸਧਾਰਨ ਮਨੁੱਖ ਦੀ ਸ਼ਮੂਲੀਅਤ ਫੈਸਲਾਕੁੰਨ ਸਮਝੀ ਜਾਂਦੀ ਹੈ। ਇਸ ਦੌਰ ਵਿੱਚ ਕਹਾਣੀਕਾਰ ਵਿਸ਼ੇਸ਼ ਨਾਲੋਂ ਸਧਾਰਨ ਵਿੱਚ ਦਿਲਚਸਪੀ ਲੈਣ ਲੱਗਦਾ ਹੈ ਤੇ ਸਧਾਰਨ ਮਨੁੱਖ ਦੇ ਸਧਾਰਨ ਪਰ ਅਣਗੌਲੇ ਪੱਖਾਂ ਨੂੰ ਮਾਸੂਮੀਅਤ ਭਰੀ ਹੈਰਾਨੀ ਨਾਲ ਵੇਖਦਾ ਹੈ। ਇਸ ਦੇ ਮੁਕਾਬਲੇ ਲੰਮੀ ਕਹਾਣੀ ਉਸ ਦੌਰ ਦੀ ਪੈਦਾਵਾਰ ਹੈ ਜਦੋਂ ਅਸੀਂ ਮਾਸੂਮੀਅਤ ਭਰੇ ਹੁੰਗਾਰੇ ਤੋਂ ਅਗਾਹ ਲੰਘ ਕੇ ਮਨੁੱਖੀ ਸੁਭਾਅ ਦੀ ਜਟਿਲਤਾ ਅਤੇ ਇਸ ਨੂੰ ਉਪਜਾਉਣ ਵਾਲੇ ਜਟਿਲ ਸਮਾਜਿਕ ਵਰਤਾਰੇ ਨੂੰ ਸਮਝਣ ਦੇ ਰਸਤੇ ਪੈਂਦੇ ਹਨ। ਇਸ ਦੌਰ ਵਿੱਚ ਪੂੰਜੀਵਾਦ ਆਪਣੇ ਪ੍ਰੋੜ ਰੂਪ ਵਿੱਚ ਵਧੇਰੇ ਜਟਿਲ ਹੋ ਜਾਂਦਾ ਹੈ ਅਤੇ ਇਸ ਵਿੱਚ ਸ਼ੋਸ਼ਣ ਦੀ ਪ੍ਰਕਿਰਿਆ ਵਧੇਰੇ ਸੂਖਮ ਤੇ ਅਦਿੱਖ ਹੋ ਜਾਂਦੀ ਹੈ। ਇਸ ਨਾਲ ਪੂੰਜੀਵਾਦੀ ਬਾਜ਼ਾਰ ਦੁਆਰਾ ਉਤਪੰਨ ਬਿੰਬਾਂ ਦੇ ਘੜਮੱਸ ਵਿੱਚ ਬੰਦੇ ਦੀ ਚੇਤਨਾ ਓਝੜ ਰਾਹੇ ਪੈ ਜਾਂਦੀ ਹੈ। ਵਿਸ਼ਵ ਅਰਥ-ਵਿਵਸਥਾ ਅਤੇ ਰਾਜਸੀ ਸੰਤੁਲਤਾ ਵਿੱਚ ਵੱਡਾ ਫੇਰ ਬਦਲ ਵਾਪਰਨ ਨਾਲ ਜ਼ਿੰਦਗੀ ਅਤੇ ਇਸ ਦੀ ਵਿਆਖਿਆ ਵਧੇਰੇ ਜਟਿਲ ਅਤੇ ਧੁੰਦਲੀ ਹੋ ਜਾਂਦੀ ਹੈ। ਇਸ ਸਥਿਤੀ ਵਿੱਚ ਕਹਾਣੀਕਾਰ ਮਨੁੱਖੀ ਸੁਭਾਅ ਅਤੇ ਸਮਾਜਿਕ ਵਰਤਾਰੇ ਦੇ ਅਛੋਹ ਪਹਿਲੂਆਂ ਬਾਰੇ ਮਹਿਜ਼ ਮਾਸੂਮੀਅਤ ਭਰੀ ਹੈਰਾਨੀ ਪ੍ਰਗਟ ਕਰਨ ਦੀ ਬਜਾਏ ਡੂੰਘੇ ਵਿਸ਼ਲੇਸ਼ਣ ਦਾ ਰਸਤਾ ਅਖ਼ਤਿਆਰ ਕਰਦਾ ਹੈ ਅਤੇ ਉਨਾਂ ਸੰਰਚਨਾਵਾਂ ਨੂੰ ਸਮਝਣ ਤੇ ਨਸ਼ਰ ਕਰਨ ਦੀ ਮਨੋਰਥ ਨਾਲ ਜਟਿਲ ਬਿਰਤਾਂਤ ਦੀ ਵਿਧੀ ਇਜਾਦ ਕਰਦਾ ਹੈ।

ਇਹੋ ਜਟਿਲ ਬਿਰਤਾਂਤ ਦੀ ਸਿਰਜਣਾ ਲੰਮੀ ਕਹਾਣੀ ਦੀ ਮੁੱਖ ਪਛਾਣ ਹੈ। ਇਸ ਜਟਿਲ ਬਿਰਤਾਂਤ ਨੂੰ ਪੇਸ਼ ਕਰਨ ਲਈ ਰਚਨਾ ਵਿਧੀ ਨੇ ਆਪਣੀਆਂ ਜੁਗਤਾਂ ਘੜਨੀਆਂ ਸਨ। ਇਹ ਜੁਗਤਾਂ ਵਿੱਚੋਂ ਸਭ ਤੋਂ ਪਹਿਲਾਂ ਤੇ ਮੁੱਖ ਵੱਖ-ਵੱਖ ਉਪ-ਬਿਰਤਾਂਤ ਜਿਹੜੇ ਕਿ ਇੱਕ ਲੜੀ ਵਿੱਚ ਇਉਂ ਪਰੋਏ ਹੋਣ ਕਿ ਉਹ ਅੱਡ ਅੱਡਣ ਨਾ ਲੱਗਣ ਸਗੋਂ ਇੱਕ ਮਾਲਾ ਦੇ ਸੂਤਰ ਦਾ ਝਾਉਲ਼ਾ ਪੈਦਾ ਕਰਨ ਕਿਉਂਕਿ ਹੁਣ 'ਜੀਵਨ ਇੰਨਾ ਸਰਲ ਨਹੀਂ ਰਹਿ ਗਿਆ ਸੀ ਕਿ ਚੁਣੌਤੀਆਂ ਦਾ ਇੱਕ ਪੱਖ ਉਠਾ ਕੇ ਇਕਹਿਰੀ ਕਥਾ ਦਾ ਤਾਣਾ-ਬਾਣਾ ਬੁਣ ਲਿਆ ਜਾਵੇ। ਹੁਣ ਤਾਂ ਜੀਵਨ ਅਤੇ ਸਮਾਜ ਨੂੰ ਹਿਲਾ ਦੇਣ ਵਾਲੀ ਸਮੇਂ ਦੀ ਉਪਲਬਧੀਆਂ ਰੇਸ਼ਾ-ਰੇਸ਼ਾ ਕਰਕੇ ਇੱਕ ਦੂਸਰੇ ਦੇ ਅੰਦਰ ਤੋਂ ਗੁਜ਼ਰਦੀਆਂ ਹੋਈਆਂ ਜਾਲ ਜਿਹਾ ਬੁਣਨ ਲੱਗੀਆਂ ਹਨ।''[11] ਇਸ ਜਾਲ਼ ਦਾ ਰੇਸ਼ਾ-ਰੇਸ਼ਾ ਖੋਲਣ ਲਈ ਕਹਾਣੀ ਦੀ ਵਿਧਾ ਨੇ ਆਪਣਾ ਨਿਵੇਕਲਾ ਕਥਾ ਸ਼ਾਸਤਰ ਉਲੀਕਣਾ ਸੀ। ਇਸ ਤਰ੍ਹਾਂ ਲੰਮੀ ਕਹਾਣੀ ਦਾ ਜੀਵਨ ਦੇ ਵਿਸ਼ਾਲ ਪ੍ਰਸਥਿਤੀਆਂ ਨੂੰ ਪੇਸ਼ ਕਰਨ ਕਰਕੇ ਇਸਦਾ ਆਕਾਰ ਨਿੱਕੀ ਕਹਾਣੀ ਨਾਲੋਂ ਵੱਧ

ਆਕਾਰ ਗ੍ਰਹਿਣ ਕੀਤਾ। ਇਸ ਕਰਕੇ ਇਸ ਨੂੰ ਲੰਮੀ ਕਹਾਣੀ ਦੇ ਪਦ ਨਾਲ ਨਿਵਾਜਿਆ ਗਿਆ। ਇਉਂ ਲੰਮੀ ਕਹਾਣੀ ਜਟਿਲ ਯਥਾਰਥ ਦੇ ਬੋਧ ਦੀ ਪੇਸ਼ਕਾਰੀ ਮੁੱਖ ਬਿਰਤਾਂਤ ਦੇ ਨਾਲ ਨਾਲ ਉਪ-ਬਿਰਤਾਂਤਾਂ ਵਿੱਚ ਕਰਦੀ ਹੈ।

ਪਹਿਲਾਂ ਪਹਿਲ ਲੰਮੀ ਕਹਾਣੀਆਂ ਰਸਾਲਿਆਂ, ਪੱਤਰਾਂ ਦੇ ਵਿਚ ਛਪੀਆਂ। ਲੰਮੀ ਕਹਾਣੀ ਦੀ ਵਧਦੀ ਲੋਕਪ੍ਰਿਯਤਾ ਕਾਰਨ ਹਿੰਦੀ ਭਾਸ਼ਾਈ 'ਹੰਸ' ਪ੍ਰੱਤਿਕਾ ਵਿੱਚ ਛਪੀਆਂ ਲੰਮੀਆਂ ਕਹਾਣੀਆਂ ਨੂੰ ਦੋ volumes ਦੇ ਵਿੱਚ ਛਾਪਿਆ ਗਿਆ। ਜਿਵੇਂ ਹਿੰਦੀ ਕਥਾ ਸਾਹਿਤ ਵਿੱਚ 'ਪਾਲ ਗੋਮਰਾ ਕਾ ਸਕੂਟਰ', 'ਪੀਲੀ ਛਤਰੀ ਵਾਲੀ ਲੜਕੀ', 'ਵਾਰੇਨ ਹੇਸਟਿੰਗਜ਼ ਕਾ ਸਾਂਡ' (ਉਦੈ ਪ੍ਰਕਾਸ਼), 'ਸ਼ਾਪਗ੍ਰਸਤ', 'ਜਲਡਮਰੂਮਧਯ' (ਅਖਿਲੇਸ਼), 'ਏ ਲੜਕੀ' (ਕ੍ਰਿਸ਼ਨਾ ਸੋਬਤੀ), 'ਦੋ ਔਰਤੇਂ' (ਕ੍ਰਿਸ਼ਨ ਬਿਹਾਰੀ), ਸਾਜ਼-ਨਾਸਾਜ਼ (ਮਨੋਜ ਰੂਪੜਾ) ਆਦਿ। ਇਵੇਂ ਹੀ 1965 ਦੇ ਵਿਚ **ਤ੍ਰੈਮਾਸਕ ਪੱਤਰ** 'ਸੰਕੇਤ' ਦੇ ਵਿਚ 'ਲੰਮੀ ਕਹਾਣੀ ਅੰਕ' ਕੱਢਿਆ ਗਿਆ ਜਿਸ ਵਿੱਚ 'ਗੋਮਤੀ ਦੀ ਪਿਆਸ' (ਦੇਵਿੰਦਰ ਸਤਿਆਰਥੀ), 'ਦੁੱਕੀ ਤਿੱਕੀ ਪੰਜੀ' (ਦਿਲਜੀਤ ਸਿੰਘ), ਪ੍ਰਤੀਕਰਮ (ਤਾਰਾ ਸਿੰਘ), 'ਦੇਉਲੀ ਦੇ ਪ੍ਰਛਾਵੇਂ'(ਲੋਚਨ ਬਖ਼ਸ਼ੀ), 'ਮੌਤ ਦੀ ਘਾਟੀ' (ਰਾਜ ਗਿਲ), 'ਉਸਤਾਦ' (ਗੁਰਦਿਆਲ ਸਿੰਘ) ਆਦਿ ਛਪੀਆਂ। ਹੋਰਨਾਂ ਭਾਸ਼ਾਵਾਂ ਜਿਵੇਂ ਕਿ ਇਜ਼ਰਾਇਲੀ ਕਹਾਣੀਕਾਰ ਯੂਸਫ਼ ਐਗਨਾਨ ਦੀਆਂ ਲੰਮੀਆਂ ਕਹਾਣੀਆਂ ਮਿਲਦੀਆਂ ਹਨ। ਵੀਹਵੀਂ ਸਦੀ ਦੇ ਪ੍ਰਸਿੱਧ ਅਸਤਿਤਵਾਦੀ ਕਹਾਣੀਕਾਰ ਫਰਾਂਜ਼ ਕਾਫ਼ਕਾ ਦੀ ਕਹਾਣੀ 'ਮੈਟਾਮਾਰਫਾਸਿਜ਼ਮ' ਦੇਖਣ ਨੂੰ ਮਿਲਦੀ ਹੈ। ਇਹ ਕਹਾਣੀ ਇੱਕ ਪੂੰਜੀਵਾਦ ਦੌਰ ਦੇ ਵਿੱਚ ਆਧੁਨਿਕ ਮਨੁੱਖ ਦੀ ਕਹਾਣੀ ਹੈ ਜਿਹੜੀ ਕਿ ਉਸਦੇ ਮਾਨਸਿਕ ਦਵੰਦਾਂ ਨੂੰ ਪ੍ਰਗਟਾਉਂਦੀ ਹੈ। ਸਥਾਪਨਾ ਦਾ ਦਮਨ, ਭੈ, **ਤ੍ਰਾਸਦ** ਰੂਪ ਕਹਾਣੀ ਦੇ ਪਾਤਰ ਗ੍ਰੈਗੋਰ ਸਾਮਸਾ ਦੇ ਰਾਹੀਂ ਪ੍ਰਗਟਾਉਂਦੀ ਤੇ ਵਿਭਿੰਨ ਪਰਤਾਂ ਨੂੰ ਉਗਾੜਦੀ ਇਹ ਪ੍ਰਤੀਕਾਤਮਕ ਤੌਰ ਤੇ ਜਟਿਲ ਤੇ ਡੂੰਘੇ ਅਰਥਾਂ ਦੀ ਧਾਰਨੀ ਲੰਮੀ ਕਹਾਣੀ ਹੈ। ਗ੍ਰੈਗੋਰ ਸਾਮਸਾ ਜਿਹੜਾ ਕਿ ਸੇਲਜ਼ਮੈਨ ਹੈ, ਦਾ ਅਚਾਨਕ ਉੱਠ ਜਾਣ ਤੇ ਇੱਕ ਕੀੜੇ ਵਿੱਚ ਤਬਦੀਲ ਹੋ ਜਾਣਾ ਜਿਹੜਾ ਕਿ ਉਸਨੂੰ ਬਹੁਤ ਹੈਰਾਨ ਕਰਨ ਦੀ ਥਾਂ ਸਿਰਫ ਇੱਕ ਅਜੀਬ ਜਿਹੀ ਝੁੰਝਲਾਹਟ ਹੀ ਪੈਦਾ ਕਰਦਾ ਹੈ। ਇਹ ਪਾਤਰ ਅਜੋਕੇ ਮਨੁੱਖ ਦੇ ਅੰਤਰਮਨ ਨੂੰ ਪ੍ਰਗਟਾਉਂਦਾ ਹੈ ਜਿਹੜਾ ਕਿ ਮਸ਼ੀਨ ਬਣ ਕੇ ਭਾਵਨਾਵਾਂ ਤੋਂ ਸੱਖਣਾ ਬਣ ਕੇ ਜਿਉਣ ਦੀ ਦੌੜ 'ਚ ਲੱਗਿਆ ਹੋਇਆ ਹੈ। ਪਾਤਰ ਦਾ ਉਸਦੇ ਘਰਦਿਆਂ ਨਾਲ ਸਲੂਕ, ਬੋਸ ਦਾ ਰਿਸ਼ਤਾ ਤੇ ਤੀਜਾ ਉਸਦਾ ਆਪਣੇ ਆਪ ਨਾਲ ਰਿਸ਼ਤਾ, ਤਿਕੋਣ ਰੂਪ ਵਿਚ ਬਿਰਤਾਂਤਕ ਬੁਣਤੀ ਕਹਾਣੀ ਨੂੰ ਡੂੰਘਾ ਤੇ ਵਿਭਿੰਨ ਪਰਤੀ ਬਣਾਉਂਦੇ ਹਨ। ਇਵੇਂ ਹੀ ਹੈਨਰੀ ਜੇਮਸ ਦੀ ਲੰਮੀ ਕਹਾਣੀ 'ਦਾ ਟਰਨ ਆਫ ਦਾ ਸਕਰਿਊ' ਮਿਲਦੀ ਹੈ। ਜਾਪਾਨੀ ਲੇਖਕ ਹਾਰੂਕੀ ਮੁਰਾਕਾਮੀ ਦੀਆਂ ਕਹਾਣੀਆਂ ਵੀ ਮਿਲਦੀਆਂ ਹਨ ਜਿਹੜੀ ਕਿ ਆਧੁਨਿਕ ਮਨੁੱਖ ਦੇ ਡੂੰਘੇ ਤੇ ਜਟਿਲ ਅਹਿਸਾਸਾਂ ਦਾ ਬਹੁਤ ਸਰਲ ਤਰੀਕੇ ਨਾਲ ਲੰਮੀ ਕਹਾਣੀਆਂ ਦੇ ਵਿਚ ਵਿਖਿਆਨ ਕਰਦੇ ਹਨ।

ਪੰਜਾਬੀ ਕਹਾਣੀ ਦੀਆਂ ਪੈੜਾਂ ਨੂੰ ਲੱਭਣ ਦੇ ਲਈ ਇਸ ਦੇ ਸ਼ੁਰੂਆਤੀ ਦੌਰ ਨੂੰ ਦੇਖਣਾ ਜ਼ਰੂਰੀ ਹੈ ਭਾਵੇਂ ਕਿ 60 ਤੋਂ ਬਾਅਦ ਵਰਿਆਮ ਸਿੰਘ ਸੰਧੂ ਨੇ ਇਸ ਨੂੰ ਸਥਾਪਿਤ ਕਰਨ ਦੇ ਵਿੱਚ ਵਿਸ਼ੇਸ਼ ਰੋਲ ਅਦਾ ਕੀਤਾ ਹੈ ਪਰ ਉਸ ਤੋਂ ਪਹਿਲਾਂ ਦੇ ਕਹਾਣੀਕਾਰਾਂ ਨੇ ਇਹ ਵੀ ਆਪਣੀਆਂ ਕਹਾਣੀਆਂ ਦੇ ਵਿੱਚ ਇਸ ਨੂੰ ਸਥਾਪਿਤ ਕਰਨ ਲਈ ਯੋਗਦਾਨ ਪਾਇਆ ਹੈ। ਮੁੱਢਲੇ ਦੌਰ ਵਿੱਚ ਜਿਹਨਾਂ ਕਹਾਣੀਕਾਰਾਂ ਨੇ ਨਿੱਕੀ ਕਹਾਣੀ ਲਿਖਣ ਦੇ ਨਾਲ ਨਾਲ ਲੰਮੀ ਕਹਾਣੀ ਤੇ ਵੀ ਹੱਥ ਅਜ਼ਮਾਇਆ

ਉਹ ਲਕੀਰੀ ਬਿਰਤਾਂਤ ਵਾਲੀ ਕਹਾਣੀ ਸੀ। ਜਿਵੇਂ ਕਿ ਨਾਨਕ ਸਿੰਘ ਦੇ ਕਹਾਣੀ 'ਛੇਕੜਲੀ ਰਿਸ਼ਮ', 'ਠਾਕੁਰ ਜੀ' ਅਤੇ ਸੰਤ ਸਿੰਘ ਸੇਖੋਂ ਦੀਆਂ 'ਕੁਰਬਾਨੀ ਦਾ ਬੱਕਰਾ', 'ਪਰਦੇਸੀ', ਜੱਗ ਤੇ ਜੀਊਣਾ ਕੂੜ ਉਹਨਾਂ ਦਾ' ਆਦਿ। ਜਿਹਦੇ ਵਿੱਚ ਮੁੱਖ ਤੌਰ ਤੇ ਨਾਨਕ ਸਿੰਘ ਨੂੰ ਦੇਖਿਆ ਜਾ ਸਕਦਾ ਹੈ ਤੇ ਉਹਨਾਂ ਦੀਆਂ ਕਹਾਣੀ ਦੇ ਉਦਾਹਰਨਾਂ ਦੇ ਵਿੱਚ ਅਸੀਂ ਇਹ ਨਕਸ਼ ਲੱਭ ਸਕਦੇ ਹਾਂ।

ਸਧਾਰਨਤਾ ਕਾਇਮ ਨਹੀਂ ਹੈ। ਕਹਾਣੀ ਬੇਸ਼ਕ ਲੰਮੀ ਹੈ ਪਰ ਜਟਿਲਤਾ ਦੀ ਕਮੀ ਹੈ। ਇਹ ਇਕਹਿਰੇ ਬਿਰਤਾਂਤ ਨੂੰ ਸਿਰਜਦੀ ਹੈ।

ਇਵੇਂ ਗੁਰਬਖਸ਼ ਸਿੰਘ ਦੀਆਂ ਲੰਮੀਆਂ ਕਹਾਣੀਆਂ ਵੀ ਮਿਲਦੀਆਂ ਹਨ ਪਰ ਸੰਤ ਸਿੰਘ ਸੇਖੋਂ ਦੀਆਂ 'ਕੁਰਬਾਨੀ ਦਾ ਬੱਕਰਾ', 'ਜੱਗ ਤੇ ਜਿਉਣਾ ਕੂੜ ਉਹਨਾਂ ਦਾ' ਆਦਿ ਨੇ ਲੰਮੀ ਕਹਾਣੀ ਦੀ ਵਿਧਾ ਨੂੰ ਸਾਰਥਕ ਬਣਾਇਆ ਗਿਆ ਹੈ।

ਕਰਤਾਰ ਸਿੰਘ ਦੁੱਗਲ ਦੀ ਕਹਾਣੀ 'ਅੰਮੀ ਨੂੰ ਕੀ ਹੋ ਗਿਐ' ਵੀ ਲੰਮੀ ਕਹਾਣੀ ਹੈ। ਇਹ ਭਾਵੇਂ ਇੱਕ ਘਟਨਾ ਦੇ ਬਿਰਤਾਂਤ ਨੂੰ ਵਧੇਰੇ ਸਿਰਜਦੀਆਂ ਹਨ। ਇਹਨਾਂ ਵਿਚਲਾ ਬਿਰਤਾਂਤ ਸੰਘਣਾ ਤੇ ਜਟਿਲ ਨਾ ਹੋ ਕੇ ਸਰਲ ਸੁਭਾਅ ਰੱਖਦਾ ਸੀ। ਪਰ ਇਹ ਕਹਾਣੀਆਂ ਦੇ ਵਿਚ ਪ੍ਰੋੜ ਲੰਮੀ ਕਹਾਣੀ ਦੇ ਬੀਜ ਅੰਸ਼ ਲੱਭੇ ਜਾ ਸਕਦੇ ਹਨ। ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਲੰਮੀ ਕਹਾਣੀ ਸਹਿਜ ਸੁਭਾਅ ਪੰਜਾਬੀ ਕਹਾਣੀ ਵਿੱਚੋਂ ਨਿਖਰੀ ਤੇ ਵਿਕਾਸ ਕਰਦੀ ਹੋਈ ਇਸ ਪੜਾਅ ਤੱਕ ਪਹੁੰਚੀ ਹੈ। 1960 ਤੋਂ ਬਾਅਦ ਵਰਿਆਮ ਸਿੰਘ ਸੰਧੂ ਤੇ ਉਸਦੀ ਸਮਕਾਲੀਆਂ ਨੇ ਇਸ ਨੂੰ ਇੱਕ ਵਿਧਾ ਦੇ ਤੌਰ ਤੇ ਸਥਾਪਿਤ ਕੀਤਾ ਹੈ। ਵਰਿਆਮ ਸਿੰਘ ਸੰਧੂ ਤੋਂ ਇਲਾਵਾ ਪ੍ਰੇਮ ਪ੍ਰਕਾਸ਼, ਅਤਰਜੀਤ, ਗੁਰਪਾਲ ਲਿਟ, ਭਗਵੰਤ ਰਸੂਲਪੁਰੀ, ਰਘੁਬੀਰ ਢੰਡ, ਬਲਜਿੰਦਰ ਨਸਰਾਲੀ, ਸੁਖਵੰਤ ਕੌਰ ਮਾਨ, ਅਜੀਤ ਕੌਰ, ਡਾ. ਜਸਵਿੰਦਰ, ਜਿੰਦਰ, ਹਰਪ੍ਰੀਤ ਸਿੰਘ ਚੰਨੂ, ਲਾਲ ਸਿੰਘ, ਬਲਦੇਵ ਸਿੰਘ ਧਾਲੀਵਾਲ, ਬਲਵਿੰਦਰ ਸਿੰਘ ਗਰੇਵਾਲ, ਤਲਵਿੰਦਰ ਸਿੰਘ ਆਦਿ ਨੇ ਆਦਿ ਲੰਮੀ ਕਹਾਣੀ ਦੇ ਪ੍ਰਮੁੱਖ ਹਸਥਾਕਰ ਹਨ ਹਸਤਾਖ਼ਰ ਹਨ।

ਲੰਮੀ ਕਹਾਣੀ ਆਪਣੇ ਸ਼ਿਲਪ ਪੱਖੋਂ ਕਹਾਣੀ ਦੇ ਬਾਕੀ ਰੂਪਾਕਾਰਾਂ ਨਾਲੋਂ ਵੱਖਰੀ ਵਿਧਾ ਦੇ ਤੌਰ ਤੇ ਸਥਾਨ ਰੱਖਦੀ ਹੈ। ਇਹ ਕਹਾਣੀ ਜਟਿਲ ਯਥਾਰਥ ਦੀ ਪੇਸ਼ਕਾਰੀ ਕਰਦੀ ਮਨੁੱਖ ਦੇ ਅੰਤਰ ਮਨ ਨੂੰ ਡੂੰਘਾਈ ਨਾਲ ਫੜਨ ਦੀ ਕੋਸ਼ਿਸ਼ ਕਰਦੀ ਹੈ। ਇਹ ਕਹਾਣੀ ਸਮਕਾਲੀਨ ਸਮੇਂ 'ਚ ਵੀ ਨਿਰੰਤਰ ਵਿਕਾਸ ਕਰ ਰਹੀ ਹੈ। ਨਿੱਤ ਦੀ ਵੱਧ ਰਹੀ ਪੇਚੀਦਗੀ ਨੂੰ ਇਹਦੇ ਆਪਣੇ ਰੂਪ ਦੇ ਵਿੱਚ ਪੇਸ਼ ਕੀਤਾ ਹੈ। ਇੱਕ ਪ੍ਰਵਿਰਤੀ ਦੇ ਤੌਰ ਤੇ ਨਹੀਂ ਸਗੋਂ ਇੱਕ ਅੱਡ ਵਿਧਾ ਦੇ ਤੌਰ ਤੇ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਇਹ ਸਹਿਜ ਰੌਂ ਦੇ ਵਿੱਚ ਵਿਕਾਸ ਕਰਦੀ ਨਵੀਆਂ ਪੈੜਾਂ ਨਾਲ ਅਗਾਂਹ ਵੱਧ ਰਹੀ ਹੈ।

**ਹਵਾਲੇ**:

1. ਡਾ. ਜੋਗਿੰਦਰ ਸਿੰਘ ਕੈਰੋਂ, ਪੰਜਾਬੀ ਕਹਾਣੀ ਆਲੋਚਨਾ (ਰੂਪ ਤੇ ਰੁਝਾਨ), ਸੰਪਾ. ਵਰਿਆਮ ਸਿੰਘ ਸੰਧੂ, ਪੰਨਾ ਨੰ. 84
2. ਕੁਲਵੰਤ ਸਿੰਘ ਵਿਰਕ, ਮੇਰੀਆਂ ਸਾਰੀਆਂ ਕਹਾਣੀਆਂ, ਕਹਾਣੀ ਕਲਾ ਤੇ ਮੇਰਾ ਅਨੁਭਵ, ਪੰਂਨਾ ਨੰ. 543
3. ਡਾ. ਰਾਸ਼ੀ ਅਗਰਵਾਲ, ਲੰਬੀ ਕਹਾਣੀ ਔਰ ਸਮਕਾਲੀਨ ਪਰਿਦਿਰਸ਼ਯ, ਪੰਂਨਾ ਨੰ. 14

4. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰੰਨਾ ਨੰ. 655

5. ਉਧਰਿਤ, ਪਰਮਜੀਤ ਸਿੰਘ, ਕਹਾਣੀ ਸਿਧਾਂਤ : ਪੰਜਾਬੀ ਸਮੀਖਿਆ ਸੰਦਰਭ, ਪੰਨਾ ਨੰ. 70

6. ਪੰਜਾਬੀ ਕਹਾਣੀਆਂ ਆਲੋਚਨਾ ਰੂਪ ਤੇ ਰੁਝਾਨ, ਸੰਪਾ. ਵਰਿਆਮ ਸਿੰਘ ਸੰਧੂ, ਪੰਨਾ ਨੰ. 83

7. ਜਗਜੀਤ ਸਿੰਘ ਛਾਬੜਾ, ਲੰਮੀ ਕਹਾਣੀ, ਭੂਮਿਕਾ

8. ਜੋਗਿੰਦਰ ਸਿੰਘ ਰਾਹੀ, ਜੋਤ ਜੁਗਤ ਕੀ ਬਾਰਤਾ, ਪੰਨਾ ਨੰ. 57-58

9. ਗੁਰਪਾਲ ਲਿਟ, ਪੰਜਾਬੀ ਕਹਾਣੀ ਆਲੋਚਨਾ ਰੂਪ ਤੇ ਰੁਝਾਨ, ਸੰਪਾਦਕ ਵਰਿਆਮ ਸਿੰਘ ਸੰਧੂ, ਪੰਨਾ ਨੰ. 123 10. ਵਰਿਆਮ ਸਿੰਘ ਸੰਧੂ, ਪੰਜਾਬੀ ਕਹਾਣੀ ਆਲੋਚਨਾ ਰੂਪ ਤੇ ਰੁਝਾਨ, ਦੋ ਇਤਿਹਾਸਿਕ ਸਮਾਗਮ ਤੇ ਨਵੀਂ ਪੰਜਾਬੀ ਕਹਾਣੀ, ਪੰਨਾ ਨੰ. 24-25

11. ਲੰਬੀ ਕਹਾਣੀ ਅਤੇ ਸਮਕਾਲੀਨ ਪਰੀਦ੍ਰਿਸ਼ਯ, ਡਾ. ਰਾਸ਼ੀ ਅਗਰਵਾਲ, ਭੂਮਿਕਾ

ISARA INSTITUTE OF MANAGEMENT & PROFESSIONAL STUDIES




RESEARCH GATEWAY




AROGYAM ONLINE




PARIVARTAN PSYCHOLOGY CENTER






**भारतीय भाषा, शिक्षा, साहित्य एवं शोध**

**ISSN 2321 – 9726**

**WWW.BHARTIYASHODH.COM**

**INTERNATIONAL RESEARCH JOURNAL OF MANAGEMENT SCIENCE & TECHNOLOGY**

**ISSN – 2250 – 1959 (0) 2348 – 9367 (P)**

**WWW.IRJMST.COM**

**INTERNATIONAL RESEARCH JOURNAL OF COMMERCE, ARTS AND SCIENCE**

**ISSN 2319 – 9202**

**WWW.CASIRJ.COM**

**INTERNATIONAL RESEARCH JOURNAL OF MANAGEMENT SOCIOLOGY & HUMANITIES**

**ISSN 2277 – 9809 (0) 2348 - 9359 (P)**

**WWW.IRJMSH.COM**

**INTERNATIONAL RESEARCH JOURNAL OF SCIENCE ENGINEERING AND TECHNOLOGY**

**ISSN 2454-3195 (online)**

**WWW.RJSET.COM**

**INTEGRATED RESEARCH JOURNAL OF MANAGEMENT, SCIENCE AND INNOVATION**

**ISSN 2582-5445**

**WWW.IRJMSI.COM**

**JOURNAL OF LEGAL STUDIES,POLITICS AND ECONOMICS RESEARCH**

**WWW.JLPER.COM**